

# ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦਾ

# ਸਿੱਖਾਂ ਨਾਲ ਖ਼ਾਸ ਰਿਸ਼ਤਾ

# ਕੌਮੀ ਸੇਵਾ ਅਵਾਰਡ

[illegible]

[illegible]

ਜੀਹੜੇ ਸਮੇਂ ਵਿਚ, ਕਰਤਾਰਪੁਰ ਸਾਹਿਬ ਲਈ ਲਾਂਘੇ ਦੇ ਰਾਹ ਵਿਚ ਉਹਨਾਂ ਸ਼ਕਤੀਆਂ ਵਲੋਂ ਹੀ ਅਣਗਿਣਤ ਰੁਕਾਵਟਾਂ ਖੜੀਆਂ ਕੀਤੀਆਂ ਜਾ ਰਹੀਆਂ ਸਨ ਜੋ ਕਿ ਉਪਰੋਂ ਲੋਕ-ਦਿਖਾਵੇ ਵਾਸਤੇ ਇਸ ਲਾਂਘੇ ਦੇ ਹੱਕ ਦੀ ਗੱਲ ਕਰਦੇ ਆਏ ਹਨ । ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਦੋਹਾਂ ਦੇਸ਼ਾਂ ਦਰਮਿਆਨ ਚਲ ਰਹੇ ਤਣਾਉ ਅਤੇ ਕਈ ਹੋਰ ਅੜਚਣਾਂ ਪਹਿਲੂਆਂ ਨੂੰ ਦਲੇਰੀ ਨਾਲ ਦਰ-ਕਿਨਾਰ ਕਰ ਕੇ ਸਿੱਖ ਕੌਮ ਦੇ ਮਨਾਂ ਅੰਦਰ ਆਪਣੇ ਪਾਵਨ ਗੁਰਧਾਮਾਂ ਦੇ ਖੁੱਲੇ ਦਰਸ਼ਨ ਦੀਦਾਰ ਦੀ ਸੱਧਰ ਨੂੰ ਪੂਰਾ ਕਰਨ ਨੂੰ ਤਰਜੀਹ ਦਿੱਤੀ । ਇਸ ਲਾਂਘੇ ਨੂੰ ਸ਼ੁਰੂ ਕਰਕੇ ਉਹਨਾਂ ਨੇ ਇਸ ਮਹਾਨ ਪ੍ਰਕਾਸ਼ ਪੁਰਬ ਉਤੇ ਸਿੱਖ ਕੌਮ ਨੂੰ ਜੋ ਇਕ ਤੋਹਫਾ ਦਿੱਤਾ ਹੈ, ਉਸ ਲਈ ਸਮੁੱਚਾ ਖਾਲਸਾ ਪੰਥ ਉਹਨਾਂ ਦਾ ਕੋਟਨ ਕੋਟ ਧੰਨਵਾਦ ਕਰਦਾ ਹੈ ।

ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਸਿੱਖ ਕੌਮ ਪ੍ਰਤੀ ਸਨੇਹ ਤੇ ਸਤਿਕਾਰ ਅਤੇ ਮਹਾਨ ਗੁਰੂ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਪ੍ਰਗਟ ਕਰਨ ਲਈ [illegible] ਵਿਚ ਬਿਰਾਜਮਾਨ ਹਨ । ਉਹਨਾਂ ਨੇ 2014 ਵਿਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਦਿਆਂ ਸਾਰ ਹੀ ਤੁਰੰਤ ਠੋਸ ਫੈਸਲੇ ਲੈ ਕੇ 1984 ਵਿਚ ਸਿੱਖ ਕੌਮ ਉਤੇ ਵਾਪਰੇ ਮਹਾਂ ਦੁਖਾਂਤ ਅਤੇ ਸ਼ਰਮਨਾਕ ਪਾਪ ਦੇ ਦੋਸ਼ੀਆਂ ਨੂੰ ਕਨੂੰਨ ਦੇ ਸ਼ਿਕੰਜੇ ਵਿਚ ਲਿਆ ਕੇ ਸਜ਼ਾਵਾਂ ਦੁਆਉਣ ਦਾ ਅਮਲ ਸ਼ੁਰੂ ਕਰ ਦਿੱਤਾ ਸੀ, ਜਿਸ ਦੇ ਸਿੱਟੇ [illegible]

[illegible]

# 9 ਨਵੰਬਰ, 2019 ਨੂੰ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਉਦਘਾਟਨ ਦੇ ਇਤਿਹਾਸਿਕ ਮੌਕੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਦਿੱਤੇ ਗਏ 'ਕੌਮੀ ਸੇਵਾ ਅਵਾਰਡ' ਦਾ ਪ੍ਰਸ਼ੰਸਾ-ਪੱਤਰ

## ਕੌਮੀ ਸੇਵਾ ਅਵਾਰਡ

ਸੱਚੇ ਪਾਤਿਸ਼ਾਹ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550ਵੇਂ ਪ੍ਰਕਾਸ਼ ਪੁਰਬ ਦੇ ਪਾਵਨ ਮੌਕੇ 'ਤੇ ਸਿੱਖ ਕੌਮ ਉੱਤੇ ਅਕਾਲ ਪੁਰਖ ਅਤੇ ਮਹਾਨ ਗੁਰੂ ਸਾਹਿਬਾਨ ਦੀ ਮਹਾਨ ਬਖ਼ਸ਼ਿਸ਼ ਹੋਈ ਹੈ ਕਿ ਇਸ ਇਤਿਹਾਸਿਕ ਅਵਸਰ ਉੱਤੇ ਸਿੱਖ ਕੌਮ ਤੋਂ ਵਿਛੋੜੇ ਗਏ ਪਾਵਨ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਦੁਨੀਆ ਦੇ ਕੋਨੇ–ਕੋਨੇ ਵਿੱਚ ਸਮੂਹ ਸੰਗਤਾਂ ਵੱਲੋਂ ਦਹਾਕਿਆਂ ਤੋਂ ਨਿੱਤਨੇਮ ਕੀਤੀ ਜਾਂਦੀ ਅਰਦਾਸ ਅਕਾਲ ਪੁਰਖ ਦੀ ਦਰਗਾਹ ਵਿੱਚ ਕਬੂਲ ਹੋ ਰਹੀ ਹੈ। ਇਸ ਦੇ ਸਿੱਟੇ ਵਜੋਂ ਪਹਿਲੇ ਕਦਮ ਦੇ ਰੂਪ ਵਿੱਚ, ਡੇਰਾ ਬਾਬਾ ਨਾਨਕ ਸਾਹਿਬ ਤੇ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿੱਚ ਸਥਿਤ ਗੁਰੂ ਨਾਨਕ ਪਾਤਿਸ਼ਾਹ ਦੇ ਜੀਵਨ ਨਾਲ ਸਬੰਧਿਤ ਗੁਰਧਾਮਾਂ ਨੂੰ ਆਪਸ ਵਿੱਚ ਜੋੜਨ ਵਾਲਾ ਲਾਂਘਾ ਸੰਗਤਾਂ ਲਈ ਖੋਲ੍ਹ ਦਿੱਤਾ ਗਿਆ ਹੈ।

ਸਤਿਗੁਰ ਸੱਚੇ ਪਾਤਿਸ਼ਾਹ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਸਿੱਖ ਸੰਗਤਾਂ ਨੂੰ ਇਸ ਤੋਂ ਵੱਡੀ ਰੱਬੀ ਦਾਤ ਹੋਰ ਕੀ ਮਿਲ ਸਕਦੀ ਸੀ ਕਿ ਦੇਸ਼ ਦਾ ਕੋਈ ਮੁਖੀਆ ਮਸੀਹਾ ਬਣ ਕੇ ਸਿੱਖ ਜਗਤ ਦੀ ਇਸ ਸੱਧਰ ਦੀ ਪੂਰਤੀ ਲਈ ਸਿਆਸੀ, ਪ੍ਰਸ਼ਾਸਨਿਕ ਅਤੇ ਕੂਟਨੀਤਕ ਦਲੇਰੀ ਦਾ ਮੁਜ਼ਾਹਰਾ ਕਰੇ। ਇਹ ਗੁਰੂ ਦੀ ਮਿਹਰ ਸਦਕਾ ਹੀ ਹੋ ਸਕਦਾ ਹੈ ਕਿ ਆਸਥਾ, ਵਿਸ਼ਵਾਸ ਤੇ ਮਾਨਵਤਾ ਲਈ ਪ੍ਰੇਮ ਵਾਲੇ ਇਸ ਲਾਂਘੇ ਨੂੰ ਖੁੱਲ੍ਹਵਾਉਣ ਦੀ ਖ਼ੁਸ਼ੀ ਵੀ ਬਖ਼ਸ਼ਿਸ਼ ਕਿਸੇ ਅਜਿਹੇ ਪ੍ਰਾਣੀ ਨੂੰ ਹੀ ਨਸੀਬ ਹੋਏ ਜੋ ਆਪ ਭੀ ਸਿੱਖੀ ਨਾਲ ਡੂੰਘੇ ਪ੍ਰੇਮ ਅਤੇ ਗੁਰੂ ਚਰਨਾਂ ਪ੍ਰਤੀ ਅਥਾਹ ਸ਼ਰਧਾ ਵਿੱਚ ਓਤ–ਪ੍ਰੋਤ ਹੋਏ। ਇਸ ਦੀ ਸ਼ਰਧਾ ਦੀ ਮਿਸਾਲ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਵੱਲੋਂ

ਗੁਰੂ ਮਹਾਰਾਜ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਮਨਾਉਣ ਵਿੱਚ ਪਾਏ ਜਾ ਰਹੇ ਬੇਮਿਸਾਲ ਯੋਗਦਾਨ, ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਸ਼ੁਰੂ ਕਰਨ ਅਤੇ ਗੁਰੂ ਸਾਹਿਬ ਦੀ ਮੁਢਲੀ ਕਰਮ ਭੂਮੀ ਸੁਲਤਾਨਪੁਰ ਲੋਧੀ ਨੂੰ ਅਤਿ ਆਧੁਨਿਕ ਸਮਾਰਟ ਸਿਟੀ ਬਣਾਉਣ ਸਮੇਤ ਸਿੱਖ ਕੌਮ ਨਾਲ ਸਬੰਧਿਤ ਚਿਰਾਂ ਤੋਂ ਲਟਕਦੇ ਦੁਖਦਾਈ ਮਸਲਿਆਂ ਨੂੰ ਹੱਲ ਕਰਨ ਲਈ ਚੁੱਕੇ ਅਨੇਕ ਕਦਮਾਂ ਤੋਂ ਮਿਲਦੀ ਹੈ। ਸਮੂਹ ਸਿੱਖ ਜਗਤ ਦੀ ਇਹ ਤੀਬਰ ਇੱਛਾ ਅਤੇ ਅਰਦਾਸ ਰਹੇਗੀ ਕਿ ਸ੍ਰੀ ਨਰੇਂਦਰ ਮੋਦੀ ਜੀ ਹਮੇਸ਼ਾ ਸਿੱਖ ਕੌਮ ਦੇ ਪਿਆਰ, ਸਤਿਕਾਰ ਅਤੇ ਵਿਸ਼ਵਾਸ ਦਾ ਪਾਤਰ ਬਣੇ ਰਹਿਣ।

ਬੀਤੇ ਸਮੇਂ ਵਿੱਚ, ਕਰਤਾਰਪੁਰ ਸਾਹਿਬ ਲਈ ਲਾਂਘੇ ਦੇ ਰਾਹ ਵਿੱਚ ਉਨ੍ਹਾਂ ਸ਼ਕਤੀਆਂ ਵੱਲੋਂ ਹੀ ਅਣਦਿੱਖ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਸਨ, ਜੋ ਕਿ ਉਪਰੀ ਲੋਕ-ਦਿਖਾਵੇ ਵਾਸਤੇ ਇਸ ਲਾਂਘੇ ਦੇ ਹੱਕ ਦੀ ਗੱਲ ਕਰਦੇ ਆਏ ਹਨ। ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਨੇ ਦੋਵੇਂ ਦੇਸ਼ਾਂ ਦਰਮਿਆਨ ਚਲ ਰਹੇ ਤਣਾਉ ਅਤੇ ਕਈ ਹੋਰ ਅਣਸੁਖਾਵੇਂ ਪਹਿਲੂਆਂ ਨੂੰ ਦਲੇਰੀ ਨਾਲ ਦਰ-ਕਿਨਾਰ ਕਰ ਕੇ ਸਿੱਖ ਕੌਮ ਦੇ ਮਨਾਂ ਅੰਦਰ ਆਪਣੇ ਪਾਵਨ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਸੱਧਰ ਨੂੰ ਪੂਰਾ ਕਰਨ ਨੂੰ ਤਰਜੀਹ ਦਿੱਤੀ। ਇਸ ਲਾਂਘੇ ਨੂੰ ਸ਼ੁਰੂ ਕਰਕੇ ਉਨ੍ਹਾਂ ਨੇ ਇਸ ਮਹਾਨ ਪ੍ਰਕਾਸ਼ ਪੁਰਬ ਉੱਤੇ ਸਿੱਖ ਕੌਮ ਨੂੰ ਜੋ ਦਿਲ ਟੁੰਬਵਾਂ ਤੋਹਫ਼ਾ ਦਿੱਤਾ ਹੈ, ਉਸ ਲਈ ਸਮੁੱਚਾ ਖ਼ਾਲਸਾ ਪੰਥ ਉਨ੍ਹਾਂ ਦਾ ਕੋਟਨ ਕੋਟਿ ਧੰਨਵਾਦ ਕਰਦਾ ਹੈ।

ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਸਿੱਖ ਕੌਮ ਪ੍ਰਤੀ ਸਨੇਹ ਤੇ ਸਤਿਕਾਰ ਅਤੇ ਮਹਾਨ ਗੁਰੂ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਪ੍ਰਗਟ ਕਰਨ ਲਈ ਸਾਡੇ ਵਿੱਚ ਬਿਰਾਜਮਾਨ ਹਨ। ਉਨ੍ਹਾਂ ਨੇ 2014 'ਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਦਿਆਂ ਸਾਰ ਹੀ ਤੁਰੰਤ ਠੋਸ ਫ਼ੈਸਲੇ ਲੈ ਕੇ 1984 ਵਿੱਚ ਸਿੱਖ ਕੌਮ ਉੱਤੇ ਵਾਪਰੇ ਮਹਾਂ-ਦੁਖਾਂਤ ਅਤੇ ਸ਼ਰਮਨਾਕ ਪਾਪ ਦੇ ਦੋਸ਼ੀਆਂ ਨੂੰ ਕਾਨੂੰਨ ਦੇ ਸ਼ਿਕੰਜੇ ਵਿੱਚ ਲਿਆ ਕੇ ਸਜ਼ਾਵਾਂ ਦੁਆਉਣ ਦਾ ਅਮਲ ਸ਼ੁਰੂ ਕਰ ਦਿੱਤਾ ਸੀ, ਜਿਸ ਦੇ ਸਿੱਟੇ ਵਜੋਂ ਸਿਆਸੀ ਸਰਪ੍ਰਸਤੀ ਵਾਲੇ ਵੱਡੇ ਹਤਿਆਰਿਆਂ ਸਮੇਤ

ਕਈ ਕਾਤਲ ਜੇਲ੍ਹ ਦੀਆਂ ਸਲਾਖਾਂ ਪਿੱਛੇ ਸੁੱਟੇ ਗਏ ਤੇ ਕਈ ਹੋਰ ਕਾਨੂੰਨ ਦੀ ਗ੍ਰਿਫ਼ਤ ਹੇਠ ਆ ਰਹੇ ਹਨ। ਇਸ ਤੋਂ ਇਲਾਵਾ, ਮੋਦੀ ਸਰਕਾਰ ਵੱਲੋਂ ਹਰ ਪੀੜਤ ਪਰਿਵਾਰ, ਜਿਨ੍ਹਾਂ ਦੀ ਗਿਣਤੀ ਕੋਈ ਸਾਢੇ ਤਿੰਨ ਹਜ਼ਾਰ ਹੈ, ਨੂੰ 5–5 ਲੱਖ ਰੁਪਏ ਦੀ ਰਾਹਤ ਦਿੱਤੀ ਗਈ ਹੈ।

ਪਿਛਲੀਆਂ ਕੁਝ ਸਰਕਾਰਾਂ ਦੌਰਾਨ, ਪੰਜਾਬ ਦੇ ਕਾਲੇ ਦਿਨਾਂ ਦੀ ਆੜ ਹੇਠ ਵਿਦੇਸ਼ਾਂ ਵਿੱਚ ਹਜ਼ਾਰਾਂ ਪ੍ਰਵਾਸੀ ਸਿੱਖ ਜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਾਲੀਆਂ ਸੂਚੀਆਂ ਵਿੱਚ ਸ਼ਾਮਲ ਕਰਕੇ ਉਨ੍ਹਾਂ ਨੂੰ ਖੱਜਲ ਕੀਤਾ ਜਾਂਦਾ ਸੀ। ਮੋਦੀ ਸਾਹਿਬ ਨੇ ਉਹ ਕਾਲੀਆਂ ਸੂਚੀਆਂ ਖ਼ਤਮ ਕਰਨ ਦੇ ਹੁਕਮ ਜਾਰੀ ਕੀਤੇ ਤੇ ਇਹ ਵੀ ਫ਼ੈਸਲਾ ਕੀਤਾ ਕਿ ਜਿਹੜੇ ਸਿੱਖ ਵੀਰ ਪੰਜਾਬ ਵਿੱਚ ਕਾਲੇ ਦਿਨਾਂ ਦੌਰਾਨ ਸਰਕਾਰੀ ਤਸ਼ੱਦਦ ਕਾਰਣ ਬਾਹਰਲੇ ਮੁਲਕਾਂ ਵਿੱਚ ਬਤੌਰ ਸ਼ਰਨਾਰਥੀ ਰਹਿ ਰਹੇ ਹਨ, ਉਨ੍ਹਾਂ ਦੇ ਬੱਚਿਆਂ ਸਮੇਤ ਪਰਿਵਾਰਾਂ ਨੂੰ ਭਾਰਤ ਦਾ ਵੀਜ਼ਾ ਜਾਰੀ ਕੀਤਾ ਜਾਏ।

ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਸ਼ੁਰੂ ਕਰਨ ਦੇ ਇਤਿਹਾਸਿਕ ਕਾਰਜ ਸਮੇਤ 2014 ਤੋਂ ਅੱਜ ਤੱਕ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਵੱਲੋਂ ਪੰਥ ਮਹਾਰਾਜ ਦੇ ਪਾਵਨ ਨਿਸ਼ਾਨ ਜੁੱਗੋ ਜੁੱਗ ਝੂਲਦੇ ਰੱਖਣ ਹਿਤ ਕੀਤੀਆਂ ਗਈਆਂ ਇਤਿਹਾਸਿਕ ਅਤੇ ਜ਼ਰੂਰਤਮੰਦਾਨਾ ਪਹਿਲਕਦਮੀਆਂ ਅਤੇ ਕੌਮ ਪ੍ਰਤੀ ਉਨ੍ਹਾਂ ਦੀ ਉਸਾਰੂ ਅਤੇ ਨਿੱਘੀ ਦੋਸਤਾਨਾ ਸੋਚ ਤੇ ਭਾਵਨਾ ਅਤੇ ਸਿੱਖ ਕੌਮ ਦੀ ਆਨ, ਸ਼ਾਨ ਅਤੇ ਸਨਮਾਨ ਲਈ ਉਨ੍ਹਾਂ ਵੱਲੋਂ ਮਾਰੇ ਗਏ ਹੋਰ ਬੇਹੱਦ ਅਹਿਮ ਹੰਭਲਿਆਂ ਨੂੰ ਮੁੱਖ ਰੱਖਦਿਆਂ ਖ਼ਾਲਸਾ ਪੰਥ ਦੀ ਸਿਰਮੌਰ ਨੁਮਾਇੰਦਾ ਧਾਰਮਿਕ ਪਾਰਲੀਮੈਂਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਨੂੰ ਵੱਕਾਰੀ “ਕੌਮੀ ਸੇਵਾ ਅਵਾਰਡ” ਨਾਲ ਸਨਮਾਨਿਤ ਕਰਨ ਵਿੱਚ ਮਾਣ ਅਤੇ ਖ਼ੁਸ਼ੀ ਮਹਿਸੂਸ ਕਰਦੀ ਹੈ।



# ਵਿਸ਼ਾ - ਸੂਚੀ


1 ਆਲਮੀ ਸੰਗਤ ਦੀ ਸ਼ਮੂਲੀਅਤ ਨੂੰ ਇਜਾਜ਼ਤ ਦਿੰਦਿਆਂ, ਸ੍ਰੀ ਹਰਿਮੰਦਰ ਸਾਹਿਬ ਨੂੰ ਵਿਦੇਸ਼ੀ ਅੰਸ਼ਦਾਨ ਰੈਗੂਲੇਸ਼ਨ ਐਕਟ (ਐੱਫਸੀਆਰਏ) ਰਜਿਸਟ੍ਰੇਸ਼ਨ ਦੀ ਪ੍ਰਵਾਨਗੀ 01

2 ਪਹਿਲੀ ਵਾਰ, ਲੰਗਰ ਉੱਤੇ ਕਿਸੇ ਕਿਸਮ ਦਾ ਕੋਈ ਟੈਕਸ ਨਹੀਂ 03

3 ਸ੍ਰੀ ਕਰਤਾਰਪੁਰ ਸਾਹਿਬ ਕੌਰੀਡੋਰ: ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਮਿਹਰਾਂ ਤੱਕ ਨਿਰਵਿਘਨ ਪਹੁੰਚ 05

4 ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਮਨ ਕਰਦੇ ਹੋਏ, ਤੀਰਥ-ਯਾਤਰੀਆਂ ਤੇ ਸੈਲਾਨੀਆਂ ਲਈ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਜਾ ਰਿਹਾ ਹੈ 09

5 ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਉੱਤੇ ਖੋਜ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ 11

6 ਵਿਸ਼ਵ ਭਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਫੈਲਾਇਆ ਜਾ ਰਿਹਾ ਹੈ 13

7 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਵਸ ਉੱਤੇ ਸ਼ਾਨਦਾਰ ਪ੍ਰਕਾਸ਼ ਪੁਰਬ 17

8 'ਕਾਲ਼ੀ ਸੂਚੀ' ਨੂੰ ਘਟਾਉਣਾ, ਮੋਢੇ ਦੇ ਸਹਾਰੇ ਨਾਲ ਰਸਾਈ 19

9 ਵਿਭਿੰਨ ਕਦਮਾਂ ਰਾਹੀਂ ਸਿੱਖਾਂ ਦੀਆਂ ਲੰਬੇ ਸਮੇਂ ਤੋਂ ਲੰਬਿਤ ਮੰਗਾਂ ਪੂਰੀਆਂ ਕੀਤੀਆਂ 21

10 ਦੰਗਾ ਪੀੜਤਾਂ ਦੇ ਹੰਝੂ ਪੂੰਝੇ: 3 ਦਹਾਕਿਆਂ ਦੇ ਇਨਕਾਰ ਤੋਂ ਬਾਅਦ ਇਨਸਾਫ ਦਿੱਤਾ ਗਿਆ 23

11 ਵਿਸ਼ਵ ਵਿੱਚ ਸਿੱਖ ਵਿਰਾਸਤ ਦਾ ਪ੍ਰਦਰਸ਼ਨ 27

12 ਜਲਿਆਂਵਾਲਾ ਬਾਗ਼ ਯਾਦਗਾਰ - ਸ਼ਹੀਦਾਂ ਨੂੰ ਪ੍ਰਣਾਮ, ਯਾਦਾਂ ਦਾ ਸਨਮਾਨ 29

13 ਸਿੱਖ ਨੌਜਵਾਨਾਂ ਨੂੰ ਅਵਸਰਾਂ ਨਾਲ ਸ਼ਸਕਤ ਬਣਾਇਆ 31

“ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੀਆਂ ਸ਼ੁੱਧ ਸਿੱਖਿਆਵਾਂ ਨਾਲ ਸਮੁੱਚੇ ਵਿਸ਼ਵ ਨੂੰ ਪ੍ਰਕਾਸ਼ਮਾਨ ਕਰਦੇ ਹਨ। ਇਸ ਤੋਂ ਪ੍ਰੇਰਣਾ ਲੈ ਕੇ, ਸਿੱਖਾਂ ਨੇ ਵਿਸ਼ਵ ਪੱਧਰ ‘ਤੇ ਕਈ ਖੇਤਰਾਂ ਵਿੱਚ ਮੋਹਰੀ ਸੇਵਾ ਕੀਤੀ ਹੈ। ਉਨ੍ਹਾਂ ਦਾ ਸਾਹਸ ਤੇ ਦਿਆਲਤਾ ਵਿਲੱਖਣ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਾਰਗ-ਦਰਸ਼ਨ ਇੰਝ ਹੀ ਸਦਾ ਮਾਨਵਤਾ ਨੂੰ ਮਿਲਦਾ ਰਹੇ।



ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸਿੱਖਾਂ ਨਾਲ ਖ਼ਾਸ ਰਿਸ਼ਤਾ ਇਸ ਕਮਿਊਨਿਟੀ ਅਤੇ ਪਵਿੱਤਰ ਗੁਰੂ ਸਾਹਿਬਾਨ ਪ੍ਰਤੀ ਉਨ੍ਹਾਂ ਦੇ ਨਿਜੀ ਹਾਵ-ਭਾਵਾਂ ਅਤੇ ਉਨ੍ਹਾਂ ਦੀ ਸਰਕਾਰ ਦੇ ਸਿੱਖ ਕਮਿਊਨਿਟੀ ਨੂੰ ਤਾਕਤਵਰ ਬਣਾਉਣ ਦੇ ਕਾਰਜ ਵਿੱਚ ਦੇਖਿਆ ਗਿਆ ਹੈ। ਉਨ੍ਹਾਂ ਨੇ ਗੁਰੂ ਸਾਹਿਬਾਨ ਨੂੰ ਬਹੁਤ ਜ਼ਿਆਦਾ ਆਦਰ-ਸਤਿਕਾਰ ਦਿੱਤਾ ਹੈ ਜਦਕਿ ਉਨ੍ਹਾਂ ਨੇ ਸਿੱਖਾਂ ਦੀ ਬਹਾਦਰੀ, ਹੌਸਲੇ ਤੇ ਉੱਦਮ ਦੀ ਭਾਵਨਾ ਦੀ ਸਦਾ ਸ਼ਲਾਘਾ ਕੀਤੀ ਹੈ। ਅਜਿਹੇ ਪ੍ਰਧਾਨ ਮੰਤਰੀ ਦੀ ਲੀਡਰਸ਼ਿਪ ਵਿੱਚ ਸਰਕਾਰ ਨੇ ਵੀ ਸਿੱਖਾਂ ਦੀ ਭਲਾਈ ਲਈ ਕਈ ਸੰਸਥਾਗਤ ਕਦਮ ਉਠਾਏ ਹਨ।



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ
ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਦੇ ਹੋਏ

ਭਾਵੇਂ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਜਿਹੇ ਪਵਿੱਤਰ ਮੌਕਿਆਂ ਦੇ ਸਮਾਰੋਹ ਹੋਣ, ਚਾਹੇ 1984 ਦੇ ਦੰਗਾ-ਪੀੜਤਾਂ ਲਈ ਇਨਸਾਫ਼ ਦਾ ਮਾਮਲਾ ਹੋਵੇ ਜਾਂ ਸ੍ਰੀ ਕਰਤਾਰਪੁਰ ਸਾਹਿਬ ਕੌਰੀਡੋਰ (ਲਾਂਘੇ) ਦਾ ਨਿਰਮਾਣ ਹੋਵੇ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਿਜੀ ਦਿਲਚਸਪੀ ਦਿਖਾਈ ਹੈ ਤੇ ਸਿੱਖ ਕਮਿਊਨਿਟੀ ਲਈ ਕੰਮ ਕਰਨ ਦੀ ਅਗਵਾਈ ਕੀਤੀ ਹੈ।

ਆਓ ਮੋਦੀ ਸਰਕਾਰ ਦੁਆਰਾ ਸਿੱਖਾਂ ਦੀ ਭਲਾਈ ਲਈ ਉਠਾਏ ਗਏ ਕਦਮਾਂ 'ਤੇ ਨਿਗਾਹ ਮਾਰੀਏ।



ਸਿੱਖ ਕਮਿਊਨਿਟੀ ਦੇ ਮੈਂਬਰਾਂ ਨਾਲ

"ਸ੍ਰੀ ਹਰਿਮੰਦਰ ਸਾਹਿਬ ਇੱਕ ਪਵਿੱਤਰ ਅਸਥਾਨ ਹੈ ਕਿਉਂਕਿ ਇਹ ਸ਼ਾਂਤੀ ਅਤੇ ਮਾਨਵਵਾਦ ਦਾ ਪ੍ਰਤੀਕ ਹੈ।

1

# ਆਲਮੀ ਸੰਗਤ ਦੀ ਸ਼ਮੂਲੀਅਤ ਨੂੰ ਇਜਾਜ਼ਤ ਦਿੰਦਿਆਂ, ਸ੍ਰੀ ਹਰਿਮੰਦਰ ਸਾਹਿਬ ਨੂੰ ਵਿਦੇਸ਼ੀ ਅੰਸ਼ਦਾਨ ਰੈਗੂਲੇਸ਼ਨ ਐਕਟ (ਐੱਫਸੀਆਰਏ) ਰਜਿਸਟ੍ਰੇਸ਼ਨ ਦੀ ਪ੍ਰਵਾਨਗੀ

ਕੇਂਦਰੀ ਗ੍ਰਹਿ ਮੰਤਰਾਲੇ ਨੇ ਸਤੰਬਰ 2020 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਪੰਜਾਬ ਨੂੰ ਰਜਿਸਟ੍ਰੇਸ਼ਨ ਪ੍ਰਵਾਨਗੀ ਦਿੱਤੀ

ਸ੍ਰੀ ਹਰਿਮੰਦਰ ਸਾਹਿਬ ਹੁਣ ਵਿਦੇਸ਼ੀ ਅੰਸ਼ਦਾਨ ਹਾਸਲ ਕਰਨ ਦੇ ਯੋਗ ਹੈ ਤੇ ਉਸ ਰਕਮ ਦੀ ਉਪਯੋਗਤਾ ਵਿਦੇਸ਼ੀ ਅੰਸ਼ਦਾਨ ਰੈਗੂਲੇਸ਼ਨ ਐਕਟ (ਐੱਫਸੀਆਰਏ), 2010 ਦੀਆਂ ਵਿਵਸਥਾਵਾਂ ਦੀ ਪਾਲਣਾ ਕਰਦਿਆਂ ਕਰ ਸਕਦਾ ਹੈ

ਇਸ ਨਾਲ ਆਲਮੀ ਸਿੱਖ ਸੰਗਤ ਨੂੰ ਆਪਣੀਆਂ ਅਧਿਆਤਮਕ ਜ਼ਰੂਰਤਾਂ ਦੀ ਪੂਰਤੀ ਲਈ ਸੇਵਾ ਵਿੱਚ ਹਿੱਸਾ ਲੈਣ ਦਾ ਅਵਸਰ ਮਿਲਿਆ ਹੈ

ਇਹ ਮੋਦੀ ਸਰਕਾਰ ਲਈ ਅਹਿਮ ਹੈ ਕਿ ਆਲਮੀ ਸਿੱਖ ਸੰਗਤ ਦੀਆਂ ਰੂਹਾਨੀ ਜ਼ਰੂਰਤਾਂ ਬਿਨਾ ਕਿਸੇ ਰੁਕਾਵਟ ਦੇ ਪੂਰੀਆਂ ਹੋਣ।



ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਲੰਗਰ ਵਰਤਾਉਂਦੇ ਹੋਏ

“ਇੱਕ ਪਾਸੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਦਰਸ਼ਨ ਜ਼ਰੀਏ ਸਮਾਜ ਨੂੰ ਏਕਤਾ, ਭਾਈਚਾਰੇ ਅਤੇ ਇੱਕਸੁਰਤਾ ਦਾ ਮਾਰਗ ਦਿਖਾਇਆ: ਦੂਜੇ ਪਾਸੇ, ਉਨ੍ਹਾਂ ਨੇ ਸਮਾਜ ਨੂੰ ਇੱਕ ਅਜਿਹੀ ਆਰਥਿਕ ਪ੍ਰਣਾਲੀ ਭੇਟ ਕੀਤੀ, ਜੋ ਸੱਚ, ਇਮਾਨਦਾਰੀ ਅਤੇ ਸਵੈਮਾਣ ਉੱਤੇ ਅਧਾਰਿਤ ਹੈ। ਉਨ੍ਹਾਂ ਸਾਨੂੰ ਸਿਖਾਇਆ ਹੈ ਕਿ ਸਚਾਈ ਤੇ ਇਮਾਨਦਾਰੀ ਨਾਲ ਹਾਸਲ ਕੀਤਾ ਗਿਆ ਵਿਕਾਸ ਹੀ ਸਾਨੂੰ ਸਦਾ ਪ੍ਰਗਤੀ ਤੇ ਖ਼ੁਸ਼ਹਾਲੀ ਦੇ ਮਾਰਗ ਵੱਲ ਲਿਜਾਂਦਾ ਹੈ।

2

# ਪਹਿਲੀ ਵਾਰ, ਲੰਗਰ ਉੱਤੇ ਕਿਸੇ ਕਿਸਮ ਦਾ ਕੋਈ ਟੈਕਸ ਨਹੀਂ

ਸਿੱਖ ਕਮਿਊਨਿਟੀ ਦੀ ਸੇਵਾ ਭਾਵਨਾ ਤੋਂ ਸਾਰੇ ਜਾਣੂ ਹਨ ਤੇ ਉਸ ਦੀ ਬਹੁਤ ਸ਼ਲਾਘਾ ਹੁੰਦੀ ਹੈ। ਮਹਾਨ ਗੁਰੂ ਸਾਹਿਬਾਨ ਦੇ ਪਦ-ਚਿੰਨ੍ਹਾਂ ਉੱਤੇ ਚਲਦਿਆਂ ਲੰਗਰ ਦੀ ਪ੍ਰਥਾ ਭੁੱਖਿਆਂ ਤੇ ਲੋੜਵੰਦਾਂ ਦਾ ਖ਼ਿਆਲ ਰੱਖਦੀ ਹੈ

---

'ਸੇਵਾ ਭੋਜ ਯੋਜਨਾ' ਤਹਿਤ ਵਿੱਤੀ ਸਹਾਇਤਾ ਮੁਹੱਈਆ ਕਰਵਾਉਂਦੇ ਹੋਏ, ਮੋਦੀ ਸਰਕਾਰ ਨੇ ਲੰਗਰ ਤਿਆਰ ਕਰਨ ਲਈ ਵਰਤੀਆਂ ਜਾਣ ਵਾਲੀਆਂ ਵਸਤਾਂ ਉੱਤੇ ਜੀਐੱਸਟੀ ਮਾਫ਼ ਕੀਤਾ

---

ਲੰਗਰ ਲਈ ਵਰਤੀਆਂ ਜਾਣ ਵਾਲੀਆਂ ਖ਼ੁਰਾਕੀ ਵਸਤਾਂ ਉੱਤੇ ਕੇਂਦਰੀ ਜੀਐੱਸਟੀ ਅਤੇ ਆਈਜੀਐੱਸਟੀ ਵਿੱਚੋਂ 325 ਕਰੋੜ ਰੁਪਏ ਦੇ ਸਲਾਨਾ ਖ਼ਰਚ ਦੀ ਅਦਾਇਗੀ ਕੀਤੀ ਜਾਇਆ ਕਰੇਗੀ

---

ਰੋਜ਼ਾਨਾ ਲਗਭਗ 1 ਕਰੋੜ ਲੋਕਾਂ ਨੂੰ ਮੁਫ਼ਤ ਭੋਜਨ ਸੇਵਾ ਦੇਣ ਵਾਲੇ ਗੁਰਦੁਆਰਾ ਸਾਹਿਬਾਨ ਨੂੰ ਬਹੁਤ ਲਾਭ ਹੋਇਆ

---



ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਦੇ ਉਦਘਾਟਨ ਸਮੇਂ

"ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਲੱਖਾਂ ਤੀਰਥ-ਯਾਤਰੀਆਂ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਰਮਿਆਨ ਸੰਪਰਕ ਹੋਰ ਗਹਿਰਾ ਕਰੇਗਾ।

ਇਸ ਕੋਰੀਡੋਰ ਦਾ ਉਦਘਾਟਨ ਕਰਨਾ ਮੇਰੇ ਲਈ ਮਾਣ ਵਾਲੀ ਗੱਲ ਹੈ।

3

# ਸ੍ਰੀ ਕਰਤਾਰਪੁਰ ਸਾਹਿਬ ਕੌਰੀਡੋਰ: ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਮਿਹਰਾਂ ਤੱਕ ਨਿਰਵਿਘਨ ਪਹੁੰਚ

ਮੋਦੀ ਸਰਕਾਰ ਨੇ ਗੁਰਦਾਸਪੁਰ, ਪੰਜਾਬ ’ਚ ਡੇਰਾ ਬਾਬਾ ਨਾਨਕ ਤੋਂ ਸ੍ਰੀ ਕਰਤਾਰਪੁਰ ਸਾਹਿਬ ਕੌਰੀਡੋਰ ਦਾ ਵਿਕਾਸ ਕੀਤਾ ਤੇ ਇਸ ਲਈ 120 ਕਰੋੜ ਰੁਪਏ ਦੇ ਫ਼ੰਡ ਵੀ ਐਲੋਕੇਟ ਕੀਤੇ

---

ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਭਾਰਤ ਵਾਲੇ ਪਾਸਿਓਂ ਪਾਕਿਸਤਾਨ ਜਾਣ ਵਿੱਚ ਤੀਰਥ-ਯਾਤਰੀਆਂ ਨੂੰ ਮਦਦ ਮਿਲੀ

---

ਸਾਰੀਆਂ ਆਧੁਨਿਕ ਸੁਵਿਧਾਵਾਂ ਨਾਲ ਸੁਚਾਰੂ ਤੇ ਅਸਾਨ ਰਾਹ ਮੁਹੱਈਆ ਕਰਵਾਉਣ ਲਈ ਸੰਗਠਿਤ ਵਿਕਾਸ ਪ੍ਰੋਜੈਕਟ

---

15,000 ਤੋਂ ਜ਼ਿਆਦਾ ਤੀਰਥ-ਯਾਤਰੀਆਂ ਦੇ ਪ੍ਰਤੀ ਦਿਨ ਦੇ ਇੰਤਜ਼ਾਮ ਨਾਲ ਯਾਤਰੀ ਟਰਮੀਨਲ ਦੀ ਉਸਾਰੀ ਕੀਤੇ ਜਾਣ ਸਮੇਤ ਅਤਿ–ਆਧੁਨਿਕ ਬੁਨਿਆਦੀ ਢਾਂਚਾ

---

# ਸ੍ਰੀ ਕਰਤਾਰਪੁਰ ਸਾਹਿਬ ਕੌਰੀਡੋਰ ਦੇ ਉਦਘਾਟਨ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ, ਪੰਜਾਬ ਵਿਖੇ ਪ੍ਰਧਾਨ ਮੰਤਰੀ ਮੋਦੀ









ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ 'ਤੇ ਪ੍ਰਧਾਨ ਮੰਤਰੀ ਮੋਦੀ



ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ 'ਤੇ ਯਾਤਰੀ ਟਰਮੀਨਲ ਦਾ ਨਿਰੀਖਣ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ

"ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਸਚਾਈ, ਧਾਰਮਿਕਤਾ ਤੇ ਦਇਆ ਦਾ ਮਾਰਗ ਸਿਖਾਇਆ। ਉਹ ਸਮਾਜ 'ਚੋਂ ਅਨਿਆਂ ਤੇ ਅਸਮਾਨਤਾ ਦਾ ਖ਼ਾਤਮਾ ਕਰਨ ਲਈ ਪ੍ਰਤੀਬੱਧ ਸਨ।

4

# ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਮਨ ਕਰਦੇ ਹੋਏ, ਤੀਰਥ-ਯਾਤਰੀਆਂ ਤੇ ਸੈਲਾਨੀਆਂ ਲਈ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਜਾ ਰਿਹਾ ਹੈ

550ਵੇਂ ਪ੍ਰਕਾਸ਼–ਪੁਰਬ ਮੌਕੇ, ਸੁਲਤਾਨਪੁਰ ਲੋਧੀ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਬਿਤਾਇਆ, ਨੂੰ ਇੱਕ ਵਿਰਾਸਤੀ ਸ਼ਹਿਰ ਵਜੋਂ ਵਿਕਸਿਤ ਕੀਤਾ ਗਿਆ।

ਸੁਲਤਾਨਪੁਰ ਲੋਧੀ ਦੇ ਰੇਲਵੇ ਸਟੇਸ਼ਨ ਦਾ ਆਧੁਨਿਕੀਕਰਨ

ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੁੜੇ ਅਸਥਾਨਾਂ ਵਿੱਚੋਂ ਲੰਘਣ ਵਾਲੀ ਸਪੈਸ਼ਲ ਟ੍ਰੇਨ ਇੱਕ ਹਫ਼ਤੇ 'ਚ ਪੰਜ ਦਿਨ ਚਲਾਈ

ਪਾਕਿਸਤਾਨ ਵਿੱਚ ਸਥਿਤ ਕਰਤਾਰਪੁਰ ਸਾਹਿਬ ਨੂੰ ਦੇਖਣ ਅਤੇ ਆਸ਼ੀਰਵਾਦ ਹਾਸਲ ਕਰਨ ਲਈ ਸ਼ਰਧਾਲੂਆਂ ਵਾਸਤੇ ਉੱਚ–ਸ਼ਕਤੀ ਵਾਲਾ ਟੈਲੀਸਕੋਪ



ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਗਵਰਨਿੰਗ ਕੌਂਸਲ ਦੇ ਮੈਂਬਰਾਂ ਤੋਂ ਇੱਕ ਯਾਦਗਾਰੀ ਚਿੰਨ੍ਹ ਪ੍ਰਾਪਤ ਕਰਦੇ ਹੋਏ

> ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਸੇਵਾ, ਦਇਆ ਸਿਖਾਉਂਦੇ ਹਨ ਅਤੇ ਸਦਭਾਵ ਵਧਾਉਂਦੇ ਹਨ। ਇਹ ਇੱਕ ਨਿਆਂਪੂਰਨ ਤੇ ਬਰਾਬਰ ਸਮਾਜ ਦਾ ਮਾਰਗ ਦਿਖਾਉਂਦੇ ਹਨ। ਇਹ ਸਾਨੂੰ ਕਦੇ ਵੀ ਅਨਿਆਂ ਅੱਗੇ ਨਾ ਝੁਕਣਾ ਵੀ ਸਿਖਾਉਂਦੇ ਹਨ।

5

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਉੱਤੇ ਖੋਜ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ

ਭਾਈਚਾਰੇ ਤੇ ਵਿਵਿਧਤਾ ਨੂੰ ਉਤਸ਼ਾਹਿਤ ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 'ਨੈਸ਼ਨਲ ਇੰਸਟੀਟਿਊਟ ਆਫ਼ ਇੰਟਰ-ਫੇਥ ਸਟਡੀਜ਼' ਸਥਾਪਿਤ ਕੀਤਾ ਜਾ ਰਿਹਾ ਹੈ; ਇਸ ਲਈ 67 ਕਰੋੜ ਰੁਪਏ ਪ੍ਰਵਾਨ ਕੀਤੇ ਗਏ ਹਨ

---

ਇੰਗਲੈਂਡ ਦੀਆਂ ਯੂਨੀਵਰਸਿਟੀਜ਼ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਚੇਅਰ ਸਥਾਪਿਤ ਕੀਤੀ ਗਈ; ਕੈਨੇਡਾ ਵਿੱਚ ਇੱਕ ਹੋਰ ਚੇਅਰ ਵਿਚਾਰ–ਅਧੀਨ ਹੈ

---

ਸੈਮੀਨਾਰਾਂ, ਵਰਕਸ਼ਾਪਾਂ, ਭਾਸ਼ਣਾਂ ਜਿਹੀਆਂ ਵਿੱਦਿਅਕ ਗਤੀਵਿਧੀਆਂ ਦਾ ਦੇਸ਼ ਭਰ ਵਿੱਚ ਆਯੋਜਨ ਕੀਤਾ ਗਿਆ

---




ਵੈਨਕੂਵਰ ’ਚ ਇਤਿਹਾਸਿਕ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਵਿਖੇ

> “ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਹਰੇਕ ਗੁਰੂ ਸਾਹਿਬ ਨੇ ਭਾਰਤ ’ਚ ਏਕਤਾ, ਸੁਰੱਖਿਆ ਤੇ ਹਿਫ਼ਾਜ਼ਤ ਲਈ ਅਣਥੱਕ ਯਤਨ ਕੀਤੇ, ਬਹੁਤ ਸਾਰੀਆਂ ਕੁਰਬਾਨੀਆਂ ਦਿੱਤੀਆਂ। ਆਜ਼ਾਦੀ-ਪ੍ਰਾਪਤੀ ਦੇ ਸੰਘਰਸ਼ ਦੌਰਾਨ ਤੇ ਆਜ਼ਾਦ ਭਾਰਤ ਦੀ ਰੱਖਿਆ ਲਈ ਇਹ ਰਵਾਇਤ ਸਿੱਖ ਸਾਥੀਆਂ ਨੇ ਪੂਰੇ ਜੋਸ਼ ਨਾਲ ਨਿਭਾਈ ਹੈ।

6

# ਵਿਸ਼ਵ ਭਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਫੈਲਾਇਆ ਜਾ ਰਿਹਾ ਹੈ

ਨਵੀਂ ਦਿੱਲੀ ’ਚ ਆਈਸੀਸੀਆਰ (ICCR) ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਅੰਤਰਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ

---

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸਭ ਤੱਕ ਪਹੁੰਚਾਉਣ ਲਈ ਵੱਖੋ–ਵੱਖਰੀਆਂ ਭਾਰਤੀ ਭਾਸ਼ਾਵਾਂ ਵਿੱਚ ਗੁਰਬਾਣੀ ਦਾ ਪ੍ਰਕਾਸ਼ਨ ਕੀਤਾ ਜਾ ਰਿਹਾ ਹੈ।

---

ਮੋਦੀ ਸਰਕਾਰ ਦੀ ਅਪੀਲ ’ਤੇ, ਯੂਨੈਸਕੋ (UNESCO) ਉਨ੍ਹਾਂ ਦੀ ਬਾਣੀ ਨੂੰ ਵਿਦੇਸ਼ੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕਰਨ ਲਈ ਕਦਮ ਉਠਾ ਰਿਹਾ ਹੈ

---

ਵਿਦੇਸ਼ਾਂ ’ਚ ਮੌਜੂਦ ਭਾਰਤੀ ਮਿਸ਼ਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼–ਪੁਰਬ ਲਈ ਵਿਸ਼ੇਸ਼ ਸਮਾਰੋਹ ਕਰਵਾਏ

---

ਰਾਸ਼ਟਰੀ ਤੇ ਅੰਤਰਰਾਸ਼ਟਰੀ ਦੋਹਾਂ ਪੱਧਰਾਂ ਉੱਤੇ ਸਾਰਾ ਸਾਲ ਕੀਰਤਨ, ਕਥਾ, ਪ੍ਰਭਾਤ–ਫੇਰੀਆਂ, ਲੰਗਰ ਆਦਿ ਆਯੋਜਿਤ ਕਰਵਾਏ

---





ਪ੍ਰਧਾਨ ਮੰਤਰੀ ਮੋਦੀ ਨੂੰ 21 ਸਤੰਬਰ, 2019 ਨੂੰ 'ਹਾਉਡੀ, ਮੋਦੀ!' ਸਮਾਗਮ ਦੌਰਾਨ ਹਿਊਸਟਨ 'ਚ ਸਿੱਖ ਕਮਿਊਨਿਟੀ ਦੁਆਰਾ ਸਨਮਾਨਿਤ ਕੀਤਾ ਗਿਆ



ਤਹਿਰਾਨ ਸਥਿਤ ਭਾਈ ਗੰਗਾ ਸਿੰਘ ਸਭਾ ਗੁਰਦੁਆਰਾ ਸਾਹਿਬ
ਵਿਖੇ ਸਿਰੋਪਾ ਤੇ ਕਿਰਪਾਨ ਦਿੱਤੇ ਜਾ ਰਹੇ ਹਨ





ਗੁਰਦੁਆਰਾ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਸਮੇਂ

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਲੋਕਾਂ ਦੀ ਸੇਵਾ ਕਰਨ ਅਤੇ ਸੱਚ, ਨਿਆਂ ਅਤੇ ਦਇਆ ਦੀਆਂ ਕਦਰਾਂ-ਕੀਮਤਾਂ ਲਈ ਜੂਝਣ ਪ੍ਰਤੀ ਸਮਰਪਿਤ ਸੀ।

7

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਵਸ ਉੱਤੇ ਸ਼ਾਨਦਾਰ ਪ੍ਰਕਾਸ਼ ਪੁਰਬ

ਸਮਾਰੋਹਾਂ ਲਈ 100 ਕਰੋੜ ਰੁਪਏ ਐਲੋਕੇਟ ਕੀਤੇ ਗਏ ਸਨ

ਕਈ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਰੇਲਵੇਜ਼ ਦੁਆਰਾ 40 ਕਰੋੜ ਰੁਪਏ ਦਾ ਬਜਟ

ਇਸ ਮੌਕੇ 350 ਰੁਪਏ ਦਾ ਯਾਦਗਾਰੀ ਸਿੱਕਾ

ਪਟਨਾ ਸਾਹਿਬ ਵਿਖੇ ਯਾਦਗਾਰੀ ਡਾਕ–ਟਿਕਟ ਜਾਰੀ ਕੀਤੀ ਗਈ ਸੀ

ਸ੍ਰੀ ਅਕਾਲ ਤਖ਼ਤ ਸਾਹਿਬ, ਦਮਦਮਾ ਸਾਹਿਬ, ਕੇਸਗੜ੍ਹ ਸਾਹਿਬ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਵਿਖੇ ਕਨੈਕਟੀਵਿਟੀ ਸੁਧਾਰਨ ਲਈ ਕਦਮ ਉਠਾਏ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਾਮਨਗਰ ’ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ 750 ਬਿਸਤਰਿਆਂ ਵਾਲੇ ਹਸਪਤਾਲ ਦਾ ਉਦਘਾਟਨ ਕੀਤਾ

ਅੰਮ੍ਰਿਤਸਰ ਤੋਂ ਨਾਂਦੇੜ ਤੱਕ ਤੀਰਥ-ਯਾਤਰੀਆਂ ਲਈ ਵਿਸ਼ੇਸ਼ ਉਡਾਣ



ਹਿਊਸਟਨ ਵਿਖੇ 'ਹਾਉਡੀ, ਮੋਦੀ!' ਸਮਾਗਮ ਦੇ ਦੌਰਾਨ

“ ਬਹੁਤ ਸਾਲਾਂ ਤੋਂ, ਕੁਝ ਲੋਕਾਂ ਨੂੰ ਭਾਰਤ ਆਉਂਦੇ ਸਮੇਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਾਲ਼ੀ-ਸੂਚੀ ਵਿੱਚੋਂ ਨਾਮ ਹਟਾਉਣ ਦੇ ਇਸ ਕਦਮ ਨਾਲ, ਹੁਣ ਕਈ ਪਰਿਵਾਰ ਵੀਜ਼ਿਆਂ ਤੇ ਓਸੀਆਈ ਕਾਰਡਾਂ ਲਈ ਅਰਜ਼ੀਆਂ ਦੇਣ ਦੇ ਯੋਗ ਹੋਣਗੇ। ਉਹ ਇੱਥੇ ਭਾਰਤ ਵਿੱਚ ਆਪਣੇ ਰਿਸ਼ਤੇਦਾਰਾਂ ਨੂੰ ਅਸਾਨੀ ਨਾਲ ਮਿਲਣ ਦੇ ਯੋਗ ਹੋਣਗੇ ਅਤੇ ਇੱਥੇ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਅਸਥਾਨਾਂ ਉੱਤੇ ਅਰਦਾਸ ਕਰਨ ਦੇ ਵੀ ਯੋਗ ਹੋਣਗੇ।

# 8

# 'ਕਾਲ਼ੀ ਸੂਚੀ' ਨੂੰ ਘਟਾਉਣਾ, ਮੋਢੇ ਦੇ ਸਹਾਰੇ ਨਾਲ ਰਸਾਈ

ਅਮਰੀਕਾ, ਇੰਗਲੈਂਡ, ਕੈਨੇਡਾ, ਅਤੇ ਹੋਰ ਦੇਸ਼ਾਂ ਵਿੱਚ ਰਹਿੰਦੇ ਵਿਦੇਸ਼ੀ ਨਾਗਰਿਕ ਸਿੱਖਾਂ ਲਈ 'ਕਾਲੀ–ਸੂਚੀ' ਜਾਂ 'ਸੈਂਟਰਲ ਐਡਵਰਸ ਲਿਸਟ' ਵਿੱਚ ਬਹੁਤ ਸਾਰੇ ਲੋਕਾਂ ਦੇ ਨਾਮ ਸਨ

---

ਮੋਦੀ ਸਰਕਾਰ ਦੁਆਰਾ ਇਸ ਸੂਚੀ ਵਿੱਚ ਦਰਜ ਨਾਵਾਂ ਨੂੰ ਵੱਡੇ ਪੱਧਰ 'ਤੇ ਘਟਾ ਕੇ 333 ਤੋਂ ਸਿਰਫ਼ 2 ਉੱਤੇ ਲਿਆਂਦਾ ਗਿਆ ਹੈ।

---

ਕਾਲੀ–ਸੂਚੀ ਵਿੱਚੋਂ ਨਾਮ ਕੱਢਣ ਨਾਲ ਉਨ੍ਹਾਂ ਨੂੰ ਆਪਣੇ ਪਰਿਵਾਰਾਂ ਨੂੰ ਮਿਲਣ, ਭਾਰਤੀ ਵੀਜ਼ਾ ਅਤੇ ਓਸੀਆਈ (OCI) ਕਾਰਡ ਲੈਣ ਵਿੱਚ ਮਦਦ ਮਿਲੀ ਹੈ।

---



ਸਿੱਖ ਕੌਂਸਲ, ਨਿਸ਼ਕਾਮ ਸੇਵਾ ਜਥਾ, ਇੰਗਲੈਂਡ ਸਥਿਤ ਗੁਰਦੁਆਰਾ ਸਾਹਿਬਾਨ ਦੇ ਪ੍ਰਮੁੱਖ ਪ੍ਰਤੀਨਿਧਾਂ, ਕੌਂਸਲਰਾਂ, ਕਮਿਊਨਿਟੀ, ਚੈਰਿਟੀ, ਵਲੰਟਰੀ ਗਰੁੱਪ ਦੇ ਪ੍ਰਤੀਨਿਧਾਂ ਤੇ ਕਾਰੋਬਾਰੀ ਆਗੂਆਂ ਦਾ ਸਿੱਖ ਵਫ਼ਦ 2015 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਉਨ੍ਹਾਂ ਦੇ ਲੰਡਨ ਦੌਰੇ ਦੌਰਾਨ ਮਿਲਿਆ ਸੀ ਅਤੇ ਉਸੇ ਦੌਰਾਨ ਹੋਰ ਮਸਲਿਆਂ ਤੋਂ ਇਲਾਵਾ 'ਕਾਲ਼ੀ-ਸੂਚੀ' ਵਿੱਚੋਂ ਲੋਕਾਂ ਦੇ ਨਾਮ ਹਟਾਉਣ ਦਾ ਮਾਮਲਾ ਵੀ ਉਠਾਇਆ ਗਿਆ ਸੀ। ਮੋਦੀ ਸਰਕਾਰ ਨੇ ਉਸ ਉੱਤੇ ਤੁਰੰਤ ਕਾਰਵਾਈ ਕੀਤੀ

> 'ਸ੍ਰੀ ਗੁਰੂ ਗੋਬਿੰਦ ਜੀ ਦਾ ਜੀਵਨ ਅਤੇ ਆਦਰਸ਼ ਸਦੀਵੀ ਤੌਰ ਉੱਤੇ ਪ੍ਰੇਰਿਤ ਕਰਦੇ ਹਨ। ਉਹ ਹੱਦ ਦਰਜੇ ਦੇ ਹੌਸਲੇ ਤੇ ਬਲੀਦਾਨ ਦੀ ਭਾਵਨਾ ਦੇ ਪ੍ਰਤੀਕ ਬਣ ਗਏ।'

9

# ਵਿਭਿੰਨ ਕਦਮਾਂ ਰਾਹੀਂ ਸਿੱਖਾਂ ਦੀਆਂ ਲੰਬੇ ਸਮੇਂ ਤੋਂ ਲੰਬਿਤ ਮੰਗਾਂ ਪੂਰੀਆਂ ਕੀਤੀਆਂ

ਨਾਗਰਿਕਤਾ ਸੋਧ ਕਾਨੂੰਨ ਅਫ਼ਗ਼ਾਨਿਸਤਾਨ ਤੇ ਪਾਕਿਸਤਾਨ ਦੇ ਉਨ੍ਹਾਂ ਸਿੱਖ ਸ਼ਰਨਾਰਥੀਆਂ ਨੂੰ ਨਾਗਰਿਕਤਾ ਦਿੰਦਾ ਹੈ, ਜਿਹੜੇ ਜਬਰੀ ਧਰਮ–ਪਰਿਵਰਤਨਾਂ, ਦਹਿਸ਼ਤਗਰਦੀ ਆਦਿ ਤੋਂ ਪੀੜਤ ਰਹੇ ਹਨ

---

ਧਾਰਾ 370 ਖ਼ਤਮ ਕੀਤੇ ਜਾਣ ਨਾਲ ਘੱਟ–ਗਿਣਤੀ ਸਿੱਖਾਂ ਨੂੰ ਜੰਮੂ ਤੇ ਕਸ਼ਮੀਰ ਵਿੱਚ ਸਮਾਨ ਅਧਿਕਾਰ ਮਿਲੇ ਹਨ, 1947 ਦੇ ਪੱਛਮੀ ਪਾਕਿਸਤਾਨ ਦੇ ਸਿੱਖ ਸ਼ਰਨਾਰਥੀਆਂ ਲਈ ਵੀ ਨਿਵਾਸ ਦੇ ਪ੍ਰਮਾਣ–ਪੱਤਰ ਜਾਰੀ ਕੀਤੇ ਜਾ ਰਹੇ ਹਨ

---

ਸਿੱਖ ਗੁਰਦੁਆਰਾ (ਸੋਧ) ਕਾਨੂੰਨ 2016 ਵਿੱਚ ਸੋਧ ਕੀਤੀ ਗਈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਸ਼ਮੂਲੀਅਤ ਨਾਲ ਸਬੰਧਿਤ ਲੰਬੇ ਸਮੇਂ ਤੋਂ ਲੰਬਿਤ ਮੰਗ ਮੰਨੀ ਗਈ

---

ਸੰਗਤ ਮਰਯਾਦਾ ਦੀ ਤਰਜ਼ ਉੱਤੇ, ਜਿਹੜੇ ਲੋਕ ਆਪਣੀ ਦਾੜ੍ਹੀ (ਕੇਸ) ਕਟਵਾਉਂਦੇ ਹਨ ਜਾਂ ਹਜਾਮਤ ਕਰਦੇ ਹਨ, ਤਮਾਕੂਨੋਸ਼ੀ ਕਰਦੇ ਹਨ ਜਾਂ ਅਲਕੋਹਲ ਦਾ ਸੇਵਨ ਕਰਦੇ ਹਨ, ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਚੋਣਕਾਰ/ਵੋਟਰ ਨਹੀਂ ਮੰਨਿਆ ਜਾ ਸਕਦਾ

---



A New Year gift to nation, says Phoolka, as Sajjan goes to jail

Congress leader shifted to Mandoli

Govt to pay Rs 5 lakh relief for each killed in '84 riots

Rs 166 cr to be given to kin of 3,325 victims

The Indian EXPRESS

1984 anti-Sikh riots: Delhi court awards death penalty to convict, life term to another

Updated: November 20, 2018

INDIA TODAY

Centre to act on Justice Dhingra report on 1984 Sikh riots that said police assisted rioters

January 15, 2020 UPDATED: January 15, 2020 13:36 IST

DH DECCAN HERALD

1984 riots: justice finally done

DEC 19 2018, 00:01 IST | UPDATED: DEC 19 2018, 01:56 IST

" ਹਜ਼ਾਰਾਂ ਲੋਕ ਮਾਰੇ ਗਏ ਸਨ ਤੇ ਜਿਊਂਦੇ ਸਾੜ ਦਿੱਤੇ ਗਏ ਸਨ, ਪਰਿਵਾਰ ਤਬਾਹ ਹੋ ਗਏ ਸਨ ਤੇ ਫਿਰ ਵੀ ਕੁਝ ਲੋਕ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ ਸਨ। ਸਾਲ 1984 'ਚ ਜੋ ਕੁਝ ਵੀ ਵਾਪਰਿਆ, ਉਹ ਮਨੁੱਖਤਾ ਲਈ ਸ਼ਰਮਨਾਕ ਹੈ। ਤੁਹਾਡੇ ਇਸ ਚੌਕੀਦਾਰ ਨੇ ਤੁਹਾਨੂੰ ਇਨਸਾਫ਼ ਦਿਵਾਉਣ ਦਾ ਵਾਅਦਾ ਕੀਤਾ ਸੀ। ਮੈਂ ਤੁਹਾਡੇ ਨਾਲ ਵਾਅਦਾ ਕੀਤਾ ਸੀ ਕਿ ਮੈਂ ਤੁਹਾਡੇ ਇਨਸਾਫ਼ ਲਈ ਲੜਾਂਗਾ। ਅੱਜ, ਮੈਂ ਤਸੱਲੀ ਨਾਲ ਆਖ ਸਕਦਾ ਹਾਂ ਕਿ ਇੱਕ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਹੋ ਗਈ ਅਤੇ ਬਾਕੀਆਂ ਨੂੰ ਉਮਰ-ਕੈਦ ਦੀ ਸਜ਼ਾ ਮਿਲੀ ਹੈ ਅਤੇ ਜਿਹੜੇ ਬਚ ਗਏ ਹਨ, ਉਹ ਵੀ ਲੰਬਾ ਸਮਾਂ ਨਹੀਂ ਬਚ ਸਕਣਗੇ

10

# ਦੰਗਾ ਪੀੜਤਾਂ ਦੇ ਹੰਝੂ ਪੂੰਝੇ: 3 ਦਹਾਕਿਆਂ ਦੇ ਇਨਕਾਰ ਤੋਂ ਬਾਅਦ ਇਨਸਾਫ ਦਿੱਤਾ ਗਿਆ

ਮੋਦੀ ਸਰਕਾਰ ਨੇ ਸਿੱਖਾਂ ਲਈ ਇਨਸਾਫ਼ ਸੁਨਿਸ਼ਚਿਤ ਕਰਨ ਲਈ ਕੰਮ ਕੀਤਾ ਹੈ। ਉਸ ਨੇ ਸਾਰੇ ਮਾਮਲਿਆਂ ਦੀ ਜਾਂਚ ਮੁੜ–ਖੁੱਲ੍ਹਵਾ ਕੇ 'ਵਿਸ਼ੇਸ਼ ਜਾਂਚ ਟੀਮ' (ਐੱਸਆਈਟੀ) ਨੂੰ ਯੋਗ ਬਣਾਉਂਦਿਆਂ 1984 ਦੇ ਸਿੱਖ–ਵਿਰੋਧੀ ਦੰਗਿਆਂ ਦੀ ਜਾਂਚ ਦਾ ਘੇਰਾ ਵਧਾਇਆ, ਜਿਨ੍ਹਾਂ ਦੀ ਸੁਣਵਾਈ ਪਹਿਲਾਂ ਮੁਕੰਮਲ ਹੋ ਚੁੱਕੀ ਸੀ ਤੇ ਮੁਲਜ਼ਮ ਬਰੀ ਹੋ ਗਏ ਸਨ

**ਅਪਰਾਧੀਆਂ ਨੂੰ ਇਨਸਾਫ਼ ਦੇ ਘੇਰੇ ਵਿੱਚ ਲਿਆਂਦਾ ਗਿਆ:**
ਲਗਭਗ 30 ਸਾਲਾਂ ਤੱਕ 1984 ਦੇ ਸਿੱਖ–ਵਿਰੋਧੀ ਦੰਗਿਆਂ ਦੇ ਕੁਕਰਮੀਆਂ ਨੂੰ ਬਚਾਇਆ ਜਾਂਦਾ ਰਿਹਾ

ਮੋਦੀ ਸਰਕਾਰ ਦੁਆਰਾ ਗਠਿਤ 'ਵਿਸ਼ੇਸ਼ ਜਾਂਚ ਟੀਮ' (ਐੱਸਆਈਟੀ) ਰਾਹੀਂ ਸਿੱਖ–ਵਿਰੋਧੀ ਦੰਗਿਆਂ ਦੀ ਤਾਜ਼ਾ ਜਾਂਚ

ਮੋਦੀ ਸਰਕਾਰ ਦੁਆਰਾ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕਰ ਕੇ ਤਾਜ਼ਾ ਜਾਂਚ ਕੀਤੀ ਗਈ ਸੀ; ਇਸ ਨਾਲ ਲਗਭਗ 80 ਮਾਮਲੇ ਅਗਲੇਰੀ ਜਾਂਚ ਲਈ ਮੁੜ–ਖੁੱਲ੍ਹ ਗਏ

'ਵਿਸ਼ੇਸ਼ ਜਾਂਚ ਟੀਮ' (ਐੱਸਆਈਟੀ) ਦੇ ਕਾਇਮ ਹੋਣ ਦੇ ਸਿਰਫ਼ 3 ਸਾਲਾਂ ਅੰਦਰ ਉਨ੍ਹਾਂ ਵੱਡੀਆਂ ਸਿਆਸੀ ਸ਼ਖ਼ਸੀਅਤਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ, ਜਿਹੜੇ ਕਾਨੂੰਨ ਤੋਂ ਬਚਦੇ ਰਹੇ ਸਨ। ਸਾਲ 2014 ਤੋਂ ਪਹਿਲਾਂ, ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਅਜਿਹੇ ਸਿਆਸਤਦਾਨ ਕਦੇ ਦੋਸ਼ੀ ਵੀ ਠਹਿਰਾਏ ਜਾਣਗੇ।



ਪ੍ਰਧਾਨ ਮੰਤਰੀ ਮੋਦੀ 1984 ਦੇ
ਦੰਗਾ ਪੀੜਤਾਂ ਨੂੰ ਮਿਲਦੇ ਹੋਏ

ਜਦ ਕਿ ਹੋਰਨਾਂ ਨੇ ਸਿੱਖ ਕਮਿਊਨਿਟੀ ਨੂੰ ਨਿਆਂ ਤੋਂ ਵਾਂਝੇ ਰੱਖਿਆ। ਮੋਦੀ ਸਰਕਾਰ ਨੇ ਇਹ ਸੁਨਿਸ਼ਚਿਤ ਕਰਨ ਲਈ ਕੰਮ ਕੀਤਾ ਕਿ ਪੀੜਤ ਤੇ ਉਨ੍ਹਾਂ ਦੇ ਪ੍ਰਭਾਵਿਤ ਪਰਿਵਾਰਾਂ ਨੂੰ ਇਨਸਾਫ਼ ਮਿਲ ਸਕੇ

---

**ਸਮੁੱਚੇ ਭਾਰਤ 'ਚ ਪੀੜਤਾਂ ਨੂੰ ਮੁਆਵਜ਼ਾ ਦਿੱਤਾ ਗਿਆ:**

1984 ਦੰਗਾ-ਪੀੜਤਾਂ ਦੇ ਸਕੇ ਰਿਸ਼ਤੇਦਾਰਾਂ ਨੂੰ 5 ਲੱਖ ਰੁਪਏ ਦੀ ਅਤਿਰਿਕਤ ਰਕਮ ਪ੍ਰਵਾਨ ਕੀਤੀ ਗਈ

---

ਉਨ੍ਹਾਂ 1,020 ਦੰਗਾ-ਪੀੜਤ ਪਰਿਵਾਰਾਂ ਨੂੰ ਕੇਂਦਰ ਵੱਲੋਂ ਪ੍ਰਾਯੋਜਿਤ ਮੁੜ-ਵਸੇਬਾ ਯੋਜਨਾ ਦੇ ਹਿੱਸੇ ਵਜੋਂ ਹਰੇਕ ਪਰਿਵਾਰ ਨੂੰ 2 ਲੱਖ ਰੁਪਏ ਦਿੱਤੇ ਗਏ, ਜਿਹੜੇ ਹਿੰਸਾ ਕਾਰਨ ਭਾਰਤ ਦੇ ਵੱਖੋ-ਵੱਖਰੇ ਹਿੱਸਿਆਂ ਤੋਂ ਹਿਜਰਤ ਕਰ ਕੇ ਪੰਜਾਬ ਚਲੇ ਗਏ ਸਨ

---



ਅੰਮ੍ਰਿਤਸਰ 'ਚ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਵਿਖੇ
ਅਫ਼ਗ਼ਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗ਼ਨੀ ਨਾਲ

"

ਸ੍ਰੀ ਗੁਰੂ ਨਾਨਕ ਦੇਵ ਜੀ ਸਿਰਫ਼ ਸਿੱਖ ਧਰਮ ਤੇ ਭਾਰਤ ਦੀ ਹੀ ਵਿਰਾਸਤ ਨਹੀਂ ਹਨ, ਬਲਕਿ ਸਮੁੱਚੀ ਮਾਨਵਤਾ ਲਈ ਵੀ ਇੱਕ ਪ੍ਰੇਰਣਾ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਗੁਰੂ ਹੋਣ ਤੋਂ ਇਲਾਵਾ ਇੱਕ ਵਿਚਾਰ ਹਨ ਅਤੇ ਜੀਵਨ ਦਾ ਅਧਾਰ ਹਨ।

11

# ਵਿਸ਼ਵ ਵਿੱਚ ਸਿੱਖ ਵਿਰਾਸਤ ਦਾ ਪ੍ਰਦਰਸ਼ਨ

ਟੂਰਿਜ਼ਮ ਮੰਤਰਾਲੇ ਨੇ 'ਸਵਦੇਸ਼ ਦਰਸ਼ਨ' ਯੋਜਨਾ ਦੇ ਤਹਿਤ ਅਨੰਦਪੁਰ ਸਾਹਿਬ – ਫ਼ਤਿਹਗੜ੍ਹ ਸਾਹਿਬ – ਚਮਕੌਰ ਸਾਹਿਬ – ਫ਼ਿਰੋਜ਼ਪੁਰ – ਅੰਮ੍ਰਿਤਸਰ – ਖਟਕੜ ਕਲਾਂ – ਕਲਾਨੌਰ – ਪਟਿਆਲਾ ਹੈਰੀਟੇਜ ਸਰਕਟ ਦੇ ਵਿਕਾਸ ਦੀ ਪ੍ਰਵਾਨਗੀ ਦਿੱਤੀ ਹੈ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼-ਪੁਰਬ ਦੇ ਅਵਸਰ 'ਤੇ ਸੁਲਤਾਨਪੁਰ ਲੋਧੀ ਤੇ 12 ਹੋਰ ਥਾਵਾਂ ਵਿਖੇ 'ਮਲਟੀਮੀਡੀਆ ਪ੍ਰਦਰਸ਼ਨੀ' ਆਯੋਜਿਤ

---

ਵਿਸ਼ੇਸ਼ ਉਡਾਣ ਰਾਹੀਂ ਅੰਮ੍ਰਿਤਸਰ ਤੇ ਨਾਂਦੇੜ ਦੇ ਦਰਮਿਆਨ ਹਵਾਈ ਸੰਪਰਕ ਸ਼ੁਰੂ ਕੀਤਾ ਗਿਆ

---

ਅਫ਼ਗ਼ਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗ਼ਨੀ ਨੂੰ ਸਰਕਾਰੀ ਦੌਰੇ ਦੇ ਹਿੱਸੇ ਵਜੋਂ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਵਾਏ ਗਏ

---



ਅੰਮ੍ਰਿਤਸਰ ਸਥਿਤ ਜਲਿਆਂਵਾਲਾ ਬਾਗ਼ ਵਿਖੇ

“ ਅਸੀਂ ਜਦੋਂ ਜਲਿਆਂਵਾਲਾ ਬਾਗ਼ ਦੇ ਭਿਆਨਕ ਕਤਲੇਆਮ ਦੇ 100 ਵਰ੍ਹੇ ਮਨਾਉਂਦੇ ਹਾਂ, ਤਾਂ ਭਾਰਤ ਉਨ੍ਹਾਂ ਸਭ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ, ਜਿਨ੍ਹਾਂ ਨੇ ਉਸ ਮੰਦਭਾਗੇ ਦਿਨ ਸ਼ਹਾਦਤ ਪਾਈ ਸੀ। ਉਨ੍ਹਾਂ ਦੀ ਵੀਰਤਾ ਤੇ ਬਲੀਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦੀ ਯਾਦ ਸਾਨੂੰ ਇੱਕ ਅਜਿਹੇ ਭਾਰਤ ਦੇ ਨਿਰਮਾਣ ਲਈ ਹੋਰ ਵੀ ਸਖ਼ਤ ਮਿਹਨਤ ਕਰਨ ਵਾਸਤੇ ਪ੍ਰੇਰਦੀ ਹੈ ਕਿ ਜਿਸ ਉੱਤੇ ਉਨ੍ਹਾਂ ਨੂੰ ਵੀ ਮਾਣ ਮਹਿਸੂਸ ਹੁੰਦਾ।

## 12

# ਜਲਿਆਂਵਾਲਾ ਬਾਗ਼ ਯਾਦਗਾਰ - ਸ਼ਹੀਦਾਂ ਨੂੰ ਪ੍ਰਣਾਮ, ਯਾਦਾਂ ਦਾ ਸਨਮਾਨ

ਮੋਦੀ ਸਰਕਾਰ ਨੇ ਰਾਸ਼ਟਰੀ ਯਾਦਗਾਰ ਦੇ ਨਿਰਮਾਣ ਲਈ 'ਜਲਿਆਂਵਾਲਾ ਬਾਗ਼ ਨੈਸ਼ਨਲ ਮੈਮੋਰੀਅਲ (ਸੰਸ਼ੋਧਨ) ਬਿਲ, 2019' ਲਿਆਂਦਾ

ਇਹ ਬਿਲ ਇਸ ਸਮਾਰੋਹ ਦੇ ਸ਼ਤਾਬਦੀ ਵਰ੍ਹੇ ਦੌਰਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਪ੍ਰਣਾਮ ਵਜੋਂ ਲੋਕ ਸਭਾ ਵਿੱਚ ਪਾਸ ਕੀਤਾ ਗਿਆ ਸੀ

ਇਹ ਇਸ ਮੈਮੋਰੀਅਲ ਨਾਲ ਜੁੜੇ ਟਰੱਸਟ ਵਿੱਚ ਸੁਧਾਰ ਕਰਦਾ ਹੈ ਤੇ ਇਸ ਨੂੰ ਰਾਜਨੀਤੀ ਤੋਂ ਮੁਕਤ ਬਣਾਉਂਦਾ ਹੈ



ਨਵੀਂ ਦਿੱਲੀ 'ਚ ਹੁਨਰ ਹਾਟ 'ਤੇ ਇੱਕ ਸਿੱਖ ਕਾਰੀਗਰ ਨਾਲ

"ਆਓ ਇਸ ਮਹੱਤਵਪੂਰਨ ਅਤੇ ਪਵਿੱਤਰ ਮੰਚ 'ਤੇ ਇੱਕ ਪ੍ਰਤਿੱਗਿਆ ਕਰੀਏ ਕਿ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਵਾਂਗੇ। ਅਸੀਂ ਸਮਾਜ ਵਿੱਚ ਸਦਭਾਵਨਾ ਕਾਇਮ ਕਰਨ ਲਈ ਹਰ ਯਤਨ ਕਰਾਂਗੇ।

# 13

# ਸਿੱਖ ਨੌਜਵਾਨਾਂ ਨੂੰ ਅਵਸਰਾਂ ਨਾਲ ਸ਼ਸਕਤ ਬਣਾਇਆ

ਸਾਲ 2014 ਤੋਂ ਪਹਿਲਾਂ, ਸਿੱਖ ਕਮਿਊਨਿਟੀ ਦੇ ਸਿਰਫ਼ 18 ਲੱਖ ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਗਏ ਸਨ। ਪਰ ਮੋਦੀ ਸਰਕਾਰ ਨੇ 31 ਲੱਖ ਸਿੱਖ ਵਿਦਿਆਰਥੀਆਂ ਨੂੰ ਪ੍ਰੀ/ਪੋਸਟ ਮੈਟ੍ਰਿਕ ਅਤੇ ਮੈਰਿਟ ਤੇ ਮਾਇਕ ਸਾਧਨ ਸਕਾਲਰਸ਼ਿਪ ਦਿੱਤੇ ਗਏ, ਜਦ ਕਿ ਇਸ ਦੇ ਮੁਕਾਬਲੇ 2014 ਤੋਂ ਪਹਿਲਾਂ 18 ਲੱਖ ਵਜ਼ੀਫ਼ੇ ਦਿੱਤੇ ਗਏ ਸਨ

---

ਹੁਨਰ ਹਾਟ, ਗ਼ਰੀਬ ਨਵਾਜ਼ ਰੋਜ਼ਗਾਰ ਯੋਜਨਾ, ਸੀਖੋ ਔਰ ਕਮਾਓ, ਨਈ ਮੰਜ਼ਿਲ ਜਿਹੀਆਂ ਯੋਜਨਾਵਾਂ ਰਾਹੀਂ 10 ਲੱਖ ਲਾਭਾਰਥੀਆਂ ਵਿੱਚੋਂ ਸਿੱਖ ਨੌਜਵਾਨਾਂ ਨੂੰ ਵੱਡੀ ਗਿਣਤੀ 'ਚ ਆਤਮਨਿਰਭਰ ਬਣਾਇਆ

---

ਪਿਛੜੇ ਇਲਾਕਿਆਂ ਲਈ 'ਪ੍ਰਧਾਨ ਮੰਤਰੀ ਜਨ ਵਿਕਾਸ ਕਾਰਯਕ੍ਰਮ' ਦੇ ਤਹਿਤ ਵਧੇਰੇ ਸਿੱਖ ਆਬਾਦੀ ਵਾਲੇ ਇਲਾਕਿਆਂ ਵਿੱਚ 24% ਤੋਂ ਵੱਧ ਹੇਠਲਾ ਸਮਾਜਿਕ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਗਿਆ।

1,517 ਨਵੀਆਂ ਸਕੂਲ ਇਮਾਰਤਾਂ
646 ਹੋਸਟਲ
163 ਰਿਹਾਇਸ਼ੀ ਸਕੂਲ
8,820 ਸਮਾਰਟ ਕਲਾਸ ਰੂਮ
32 ਕਾਲਜ
94 ਆਈਟੀਆਈਜ਼
13 ਪੌਲੀਟੈਕਨਿਕਸ

6 ਨਵੋਦਯ ਵਿਦਿਆਲੇ
403 ਬਹੁ-ਉਦੇਸ਼ੀ ਕਮਿਊਨਿਟੀ ਸੈਂਟਰ
598 ਮੰਡੀ ਸ਼ੈੱਡ
5,299 ਪਖਾਨੇ ਤੇ ਜਲ ਸੁਵਿਧਾਵਾਂ
143 ਕਾਮਨ ਸਰਵਿਸ ਸੈਂਟਰ
22 ਕੰਮਕਾਜੀ ਮਹਿਲਾ ਹੋਸਟਲ

1,734 ਹੈਲਥ ਪ੍ਰੋਜੈਕਟ
6 ਹਸਪਤਾਲ
8 ਹੁਨਰ ਹੱਬ
14 ਵਿਭਿੰਨ ਖੇਡ ਸੁਵਿਧਾਵਾਂ
6,014 ਆਂਗਨਵਾੜੀ ਸੈਂਟਰ
23,333 ਐਡੀਸ਼ਨਲ ਕਲਾਸ ਰੂਮ

# ਸੁਖ-ਦੁਖ ਵਿੱਚ ਨਾਲ ਖੜ੍ਹਨਾ



ਨਰੇਂਦਰ ਮੋਦੀ ਨੂੰ ਉਨ੍ਹਾਂ ਦੇ ਗੁਜਰਾਤ ਦੇ ਮੁੱਖ ਮੰਤਰੀ ਕਾਰਜਕਾਲ ਦੌਰਾਨ ਸਿੱਖ ਕਮਿਊਨਿਟੀ ਦੁਆਰਾ ਕਮਿਊਨਿਟੀ ਦੇ ਇੱਕ ਸਮਾਰੋਹ ਦੌਰਾਨ ਸਿਰੋਪਾ ਬਖ਼ਸ਼ਿਸ਼ ਕਰਕੇ ਸਨਮਾਨਿਤ ਕੀਤਾ ਜਾ ਰਿਹਾ ਹੈ




ਨਰੇਂਦਰ ਮੋਦੀ ਆਪਣੇ ਗੁਜਰਾਤ ਦੇ ਮੁੱਖ ਮੰਤਰੀ ਕਾਰਜਕਾਲ ਦੌਰਾਨ ਇੱਕ ਕਮਿਊਨਿਟੀ ਸਮਾਰੋਹ ਲਈ ਇੱਕ ਗੁਰਦੁਆਰਾ ਸਾਹਿਬ ਵਿੱਚ ਜਾਂਦੇ ਹੋਏ



ਨਿਊ ਯਾਰਕ ਵਿਖੇ 28 ਸਤੰਬਰ, 2014 ਨੂੰ ਸਿੱਖਾਂ ਦਾ ਇੱਕ ਸਮੂਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਮਿਲਿਆ ਅਤੇ ਉਨ੍ਹਾਂ ਨਾਲ ਇਕਜੁੱਟਤਾ ਪ੍ਰਗਟਾਈ



ਨਰੇਂਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਗੁਜਰਾਤੀ ਨਵੇਂ ਸਾਲ ਦੇ ਸਮਾਰੋਹ ਦੌਰਾਨ ਸਿੱਖ ਕਮਿਊਨਿਟੀ ਤੋਂ ਇੱਕ ਯਾਦਗਾਰੀ-ਚਿੰਨ੍ਹ ਪ੍ਰਾਪਤ ਕਰਦੇ ਹੋਏ





ਪ੍ਰਧਾਨ ਮੰਤਰੀ ਸਤੰਬਰ 2015 'ਚ ਸੈਨ ਹੋਜ਼ੇ ਵਿਖੇ ਸਿੱਖ ਕਮਿਊਨਿਟੀ ਦੇ ਵਫ਼ਦ ਨਾਲ ਮੁਲਾਕਾਤ ਦੌਰਾਨ




ਪ੍ਰਧਾਨ ਮੰਤਰੀ ਮੋਦੀ ਨੂੰ 16 ਅਪ੍ਰੈਲ, 2015 ਨੂੰ ਵੈਨਕੂਵਰ ਦੀ ਰੌਸ ਸਟ੍ਰੀਟ ਸਥਿਤ ਖ਼ਾਲਸਾ ਦੀਵਾਨ ਗੁਰਦੁਆਰਾ ਸਾਹਿਬ ਵਿਖੇ ਸਨਮਾਨਿਤ ਕੀਤਾ ਜਾ ਰਿਹਾ ਹੈ



ਸੂਚਨਾ ਤੇ ਪ੍ਰਸਾਰਣ ਮੰਤਰਾਲਾ
MINISTRY OF
**INFORMATION AND BROADCASTING**